# ਗੁਰਬਾਣੀ ਵਿਚਾਰ

# 52

## ਧਰਮ ਯਾ ਮਜ਼ਹਬ

ਭਾਗ—7

'ਖੋਜੀ'

# ਭਾਗ 7

ਪਹਿਲਾਂ ਇਹ ਦਸਿਆ ਜਾ ਚੁਕਾ ਹੈ, ਕਿ ਇਹ **'ਨਾਲ ਲਿਖਿਆ'** ਹੋਇਆ **'ਹੁਕਮੁ' ਹੀ**, ਕਾਇਨਾਤ ਦੇ ਜ਼ਰੇ-ਜ਼ਰੇ ਦਾ, ਆਪੋ-ਆਪਣਾ

**'ਨਿਜੀ ਧਰਮੁ' ਹੈ ।**

ਇਸ **'ਨਿਜੀ ਧਰਮੁ'** ਦੀ ਵੀਚਾਰ ਨੂੰ, ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ ।

ਹਰ ਇਕ 'ਜੀਵ', **ਆਪਣੇ ਪਿਛਲੇ ਕਰਮਾਂ ਅਨੁਸਾਰ**, **ਆਪਣੇ ਨਾਲ**,

ਵੱਖ-ਵੱਖ ਸੰਸਕਾਰ
ਅੱਡ-ਅੱਡ ਕਿਸਮਤ
ਵੱਖ-ਵੱਖ ਪਰਿਵਾਰਕ ਮਾਹੌਲ
ਭਿੰਨ-ਭਿੰਨ ਵਾਤਾਵਰਨ
ਅਲਗ-ਅਲਗ ਸਰੀਰਕ ਸਿਹਤ
ਦਰਜ਼ੇ ਬਾਦਰਜ਼ੇ ਲਿਆਕਤ
ਅੱਡ-ਅੱਡ ਧਰਮ
ਭਾਂਤ-ਭਾਂਤ ਦੀ ਸੰਗਤ
ਭਿੰਨ-ਭਿੰਨ ਮਾਨਸਿਕ ਬਣਤਰ
ਅਨੇਕਾਂ ਕਿਸਮਾਂ ਦੇ ਦੁਖ-ਸੁਖ

**ਲੈ ਕੇ, ਇਸ ਸੰਸਾਰ ਵਿਚ ਆਇਆ ਹੈ ।**

"ਜੈਸੀ ਕਲਮ ਵੁੜੀ ਹੈ ਮਸਤਕਿ, ਤੈਸੀ ਜੀਅੜੇ ਪਾਸਿ ॥" (ਪੰਨਾ—74)

"ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥"

(ਪੰਨਾ—1171)

**ਇਹ 'ਨਾਲ ਲਿਖਿਆ' 'ਧਰਮੁ', ਸਰੀਰ ਵਿਚ ਰਹਿ ਕੇ ਹੀ ਮਨੁੱਖ ਕਮਾ ਸਕਦਾ ਹੈ ।** ਇਸ 'ਨਾਲ-ਲਿਖੇ' ਧਰਮੁ ਨੂੰ ਕਮਾਉਣ ਲਈ ਅਕਾਲ ਪੁਰਖ ਨੇ, ਮਨੁੱਖ ਨੂੰ ਸਾਰੀਆਂ ਲੋੜੀਂਦੀਆਂ ਵਸਤੂਆਂ ਪ੍ਰਦਾਨ ਕੀਤੀਆਂ, ਅਤੇ ਇਸ ਦੇ ਰਹਿਣ ਲਈ

ਪ੍ਰਿਥਵੀ-ਰੂਪ 'ਧਰਮਸਾਲ' ਕਾਇਮ ਕੀਤੀ। ਇਥੇ ਹੀ ਬਸ ਨਹੀਂ, ਸਾਰੇ ਜਗਤ, ਤੇ ਇਸ ਵਿਚ ਰਹਿਣ ਵਾਲੇ ਇਸਸਾਨਾਂ ਦੇ ਕਰਮਾਂ ਦਾ, **ਨਿਬੇੜਾ ਕਰਨ ਲਈ ਗੁਝੇ ਅਸੂਲ ਬਣਾਏ।** ਇਸ ਵਿਚਾਰ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਦਰਸਾਇਆ ਹੈ :—

"ਇਹੁ ਸਰੀਰੁ ਸਭ ਧਰਮੁ ਹੈ, ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥"

(ਪੰਨਾ—309)

"ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ।"

(ਪੰਨਾ—7)

"ਕੁਦਰਤਿ ਤਖਤੁ ਰਚਾਇਆ, ਸਚਿ ਨਿਬੇੜਨਹਾਰੋ ॥" (ਪੰਨਾ—580)

"ਅੰਦਰਿ ਰਾਜਾ ਤਖਤੁ ਹੈ,
ਆਪੇ ਕਰੇ ਨਿਆਉ ॥" (ਪੰਨਾ—1092)

ਜਿਵੇਂ ਧਰਤੀ ਇਕ ਹੈ, ਇਸ ਵਿਚ ਅੱਡ-ਅੱਡ ਰੁਤਾਂ ਅਨੁਸਾਰ, ਭਿੰਨ-ਭਿੰਨ ਤਰ੍ਹਾਂ ਦੀ ਮਿੱਟੀ ਵਿਚ, ਵੱਖ-ਵੱਖ ਬੀਜ, ਬੀਜੇ ਜਾਂਦੇ ਹਨ। ਧਰਤੀ ਇਹਨਾਂ ਸਾਰਿਆਂ ਅਲਗ-ਅਲਗ ਬੀਜਾਂ ਨੂੰ, ਪ੍ਰਫੁਲਤ ਕਰਕੇ, ਭਾਂਤ ਭਾਂਤ ਦੀ ਫ਼ਸਲ ਦਾ ਰੂਪ ਦੇ ਦਿੰਦੀ ਹੈ। ਇਸੇ ਤਰ੍ਹਾਂ, ਹਰ ਜੀਵ, ਆਪਣੇ **ਪਿਛਲੇ ਕਰਮਾਂ ਦੇ ਬੀਜ ਅਨੁਸਾਰ**, **ਰੱਬੀ 'ਹੁਕਮ' ਵਿਚ**, ਵੱਖ-ਵੱਖ

ਸਮੇਂ

ਦੇਸ਼

ਨਸਲ

ਧਰਮ

ਮਾਲੀ ਹਾਲਤ

ਪਰਿਵਾਰਕ ਮਾਹੌਲ

ਦੁਨਿਆਵੀ ਵਾਤਾਵਰਨ

ਗੁਣ

ਅਉਗਣ

ਸਰੀਰਕ ਸਿਹਤ

ਮਾਨਸਿਕ ਲਿਆਕਤ

ਆਤਮਿਕ-ਖਿੱਚ

ਰਾਜਨੀਤਿਕ ਦਸ਼ਾ

ਅਨੁਸਾਰ, ਆਪਣਾ ਸੰਸਾਰਕ, ਸਾਮਾਜਿਕ ਤੇ ਧਾਰਮਿਕ ਜੀਵਨ ਬਤੀਤ ਕਰਨ ਆਉਂਦਾ ਹੈ।

"ਬੀਜੁ ਬੋਵਸਿ ਭੋਗ ਭੋਗਹਿ, ਕੀਆ ਅਪਣਾ ਪਾਵਏ ॥" (ਪੰਨਾ—705)

"ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨ ਸੋਈ ਭੋਗ ॥
ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥"
(ਪੰਨਾ—888)

"ਜੈਸਾ ਬੀਜੈ ਸੋ ਲੁਣੈ, ਜੇਹਾ ਪੁਰਬਿ ਕਿਨੈ ਬੋਇਆ ॥" (ਪੰਨਾ—309)

"ਜੇਹਾ ਕੀਤੋਨੁ ਤੇਹਾ ਹੋਆ, ਜੇਹੇ ਕਰਮ ਕਮਾਇ ॥" (ਪੰਨਾ—33)

"ਫਲੁ ਤੇਵੇਹੋ ਪਾਈਐ, ਜੇਵੇਹੀ ਕਾਰ ਕਮਾਈਐ ॥" (ਪੰਨਾ—468)

ਜਿਹੋ ਜਿਹਾ 'ਮਾਹੌਲ' ਮਨੁਖ ਨੂੰ ਇਸ ਸੰਸਾਰ ਵਿਚ ਮਿਲਦਾ ਹੈ, ਉਸੇ 'ਮਾਹੌਲ' ਵਿਚ ਇਸ ਨੂੰ ਸੰਸਾਰਕ ਤੇ ਧਾਰਮਿਕ ਜੀਵਨ ਬਤੀਤ ਕਰਨਾ ਪੈਂਦਾ ਹੈ, ਅਤੇ ਕਰਨਾ ਵੀ ਚਾਹੀਦਾ ਹੈ। ਕੁਝ ਕੁ 'ਮਾਹੌਲ' ਤਾਂ ਜੀਵ ਨੂੰ ਐਸੇ ਮਿਲਦੇ ਹਨ, ਕਿ ਉਹ ਧਰਮ ਦੀ ਕਮਾਈ ਕਰਨ ਵਿਚ **ਸਹਾਈ ਹੁੰਦੇ ਹਨ**, ਪਰ ਕੁਝ ਐਸੇ ਵੀ ਮਿਲਦੇ ਹਨ, ਜਿਹੜੇ ਅਤਿਅੰਤ **ਰੁਕਾਵਟਾਂ ਪਾਉਂਦੇ ਹਨ।** ਇਸ ਤਰ੍ਹਾਂ ਦੁਨੀਆਂ ਦੇ ਸਾਰੇ ਜੀਵਾਂ ਨੂੰ ਆਪੋ-ਆਪਣਾ ਸੰਸਾਰਕ ਅਤੇ ਧਾਰਮਿਕ ਜੀਵਨ ਬਤੀਤ ਕਰਨ ਵਿਚ ਅਲਗ-ਅਲਗ **'ਸਹੂਲਤਾਂ' ਅਤੇ 'ਮੁਸ਼ਕਲਾਂ' ਪੇਸ਼ ਆਉਂਦੀਆਂ ਹਨ।**

ਦੁਖ-ਸੁਖ ਭੁਗਤਨ ਨਾਲ ਹੀ ਅਸੀਂ **ਪਿਛਲੇ ਕੀਤੇ ਕਰਮਾਂ ਦਾ ਗੁੱਝਾ ਹਿਸਾਬ ਕਿਤਾਬ ਨਿਬੇੜਦੇ ਹਾਂ।** ਇਉਂ ਇਹ ਕਰਮ-ਚੱਕਰ ਤੇ ਆਵਾਗਵਨ ਦਾ ਗੇੜ ਚਲਦਾ ਰਹਿੰਦਾ ਹੈ। ਕਰਮ ਇਨਸਾਨ ਆਪ ਕਰਦਾ ਹੈ, ਪਰ ਅਗਿਆਨ ਵਸ, ਪੂਰਬਲੇ ਕਰਮਾਂ ਬਾਰੇ ਸੋਝੀ ਨਾ ਹੋਣ ਕਰਕੇ, **ਦੂਜਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ।** ਦੁਖ-ਸੁਖ ਦੀ ਅਸਲੀਅਤ, ਅਤੇ ਨਿਰਮਲ-ਕਰਮ ਕਰਨ ਦੀ ਪ੍ਰੇਰਨਾ ਗੁਰਬਾਣੀ ਵਿਚ ਇਉਂ ਦਰਸਾਈ ਗਈ ਹੈ :—

"ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ॥"
(ਪੰਨਾ—433)

"ਅਹਿਕਰੁ ਕਰੇ ਸੁ ਅਹਿਕਰੁ ਪਾਏ,
ਕੋਈ ਨ ਪਕੜੀਐ ਕਿਸੈ ਥਾਇ ॥" (ਪੰਨਾ—406)
"ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤ ॥" (ਪੰਨਾ—134)
"ਤੂੰ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥" (ਪੰਨਾ—1107)
"ਮਨ ਨਿਰਮਲ ਕਰਮ ਕਰਿ, ਤਾਰਨ ਤਰਨ ਹਰਿ,
ਅਵਰਿ ਜੰਜਾਲ ਤੇਰੈ ਕਾਹੂ ਨ ਕਾਮਿ ਜੀਉ ॥" (ਪੰਨਾ—679)
"ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥" (ਪੰਨਾ—397)

ਉਪਰਲੀ ਵਿਚਾਰ ਤੋਂ ਸੁਤੇ ਸਿਧ ਸਪਸ਼ਟ ਹੈ ਕਿ ਦੁਖ-ਸੁਖ ਮਨੁਖ ਨੂੰ, ਰੱਬੀ ਹੁਕਮ ਵਿਚ, ਆਪਣੇ ਹੀ ਕੀਤੇ ਕਰਮਾਂ ਅਨੁਸਾਰ ਮਿਲਦੇ ਹਨ। ਇਸ ਲਈ ਦੁਖ ਮਿਲਣ ਤੇ, **ਕਿਸੇ ਦੂਜੇ ਨੂੰ ਦੋਸ਼ੀ ਠਹਿਰਾਉਣਾ ਜਾਂ ਰੱਬ ਨੂੰ ਸ਼ਿਕਾਇਤ ਕਰਨੀ, ਮਨੁਖ ਦੀ ਭੁਲ ਹੈ। ਦੁਖ-ਭੁਖ ਤਾਂ ਪ੍ਰਭੂ ਦੀ ਕਿਰਪਾ ਦਾ ਹੀ ਇਕ ਰੂਪ ਹੈ,** ਕਿਉਂਕਿ ਦੁਖ-ਭੁਖ ਵਿਚ ਹੀ ਮਨੁਖ ਨੂੰ ਪ੍ਰਭੂ ਦੀ ਰਜ਼ਾ ਵਿਚ ਟੁਰਨ ਦੀ ਸਮਝ ਪੈਂਦੀ ਹੈ। ਇਹਨਾਂ ਸਭ ਰੁਕਾਵਟਾਂ ਦਾ ਸਾਹਮਣਾ ਕਰਦਿਆਂ ਹੀ ਮਨੁਖ ਨੇ ਆਪਣੀ ਮੰਜ਼ਿਲ ਤਕ ਪਹੁੰਚਣਾ ਹੈ। ਗੁਰਬਾਨੀ ਇਨਸਾਨ ਨੂੰ ਇਹ ਜੀਵਨ-ਜਾਚ ਸਿਖਾਉਂਦੀ ਹੈ, ਕਿ ਇਸ **ਕੁਦਰਤੀ ਭੇਦ ਨੂੰ ਸਮਝਣ ਲਈ**, ਤੂੰ ਗੁਰੂ ਨੂੰ ਮਿਲ ਕੇ, **ਪ੍ਰਭੂ ਦੇ ਹੁਕਮੁ ਨੂੰ ਪਹਿਚਾਣ ਤੇ ਬੁਝ।** ਦੁਖ-ਸੁਖ ਵਿਚ ਉਸੇ ਨੂੰ ਹੀ ਯਾਦ ਕਰ, ਉਸਦਾ ਹੀ ਸ਼ੁਕਰ ਕਰ। ਇਉਂ ਤੂੰ ਸਦਾ ਲਈ ਸੁਖੀ ਹੋ ਜਾਵੇਂਗਾ।

"ਜਬ ਲਗੁ ਹੁਕਮੁ ਨ ਬੂਝਤਾ, ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ, ਤਬ ਹੀ ਤੇ ਸੁਖੀਆ ॥" (ਪੰਨਾ—400)
"ਜੋ ਪ੍ਰਭੁ ਕਰੈ ਸੋਈ ਭਲ ਮਾਨਹੁ,
ਸੁਖਿ-ਦੁਖਿ ਓਹੀ ਧਿਆਈਐ ਰੇ ॥" (ਪੰਨਾ—209)
"ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥" (ਪੰਨਾ—25)
"ਪ੍ਰਣਵਤਿ ਨਾਨਕੁ ਹੁਕਮੁ ਪਛਾਣੈ,
ਸੁਖੁ ਹੋਵੈ ਦਿਨੁ ਰਾਤੀ ॥" (ਪੰਨਾ—156)
"ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥" (ਪੰਨਾ—5)
"ਮਨ ਮੂਰਖ ਕਾਹੇ ਬਿਲਲਾਈਐ ॥
ਪੁਰਬ ਲਿਖੇ ਕਾ ਲਿਖਿਆ ਪਾਈਐ ॥

ਦੂਖ ਸੂਖ ਪ੍ਰਭ ਦੇਵਨਹਾਰੁ ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥
ਜੋ ਕਛੁ ਕਰੈ ਸੋਈ ਸੁਖੁ ਮਾਨੁ ॥
ਭੂਲਾ ਕਾਹੇ ਫਿਰਹਿ ਅਜਾਨ ॥" (ਪੰਨਾ—283)
"ਦੁਖੁ ਦਾਰੂ ਸੁਖੁ ਰੋਗੁ ਭਇਆ,
ਜਾ ਸੁਖੁ ਤਾਮਿ ਨ ਹੋਈ ॥" (ਪੰਨਾ—469)

ਉਪਰਲੀ ਵਿਚਾਰ ਤੋਂ ਇਕ ਹੋਰ ਨੁਕਤਾ ਉਭਰ ਕੇ ਆਉਂਦਾ ਹੈ ਕਿ, ਹਾਲਾਂ ਕਿ ਰੱਬੀ ਰਜ਼ਾ ਵਿਚ ਹਰ ਇਕ ਜੀਵ ਦਾ ਪਹਿਲਾਂ, ਬਾਹਰੋਂ ਅੱਡ-ਅੱਡ ਸੰਸਾਰਕ, ਸਾਮਾਜਿਕ ਅਤੇ ਸਰੀਰਕ ਜੀਵਨ ਹੁੰਦਾ ਹੈ, ਪਰ ਉਹ **ਆਪਣੇ ਧਰਮ ਵਿਚ ਦੇਵੀ ਗੁਣ ਧਾਰਨ ਕਰਦਾ ਹੋਇਆ, ਇਕੋ-ਇਕ 'ਆਤਮਿਕ-ਧਰਮੁ' ਤਕ ਪਹੁੰਚ ਸਕਦਾ ਹੈ।** ਇਸ ਦਾ ਪ੍ਰਤੱਖ ਸਬੂਤ ਇਹ ਹੈ, ਕਿ ਭਗਤ ਕਬੀਰ, ਨਾਮਦੇਵ, ਫਰੀਦ, ਤ੍ਰਿਲੋਚਨ, ਧੰਨਾ, ਸੈਣ ਜੀ ਆਦਿ ਨੇ, ਆਪਣੀ ਧਾਰਮਿਕ ਕਮਾਈ ਵੱਖ-ਵੱਖ ਸਮੇਂ, ਅਲਗ-ਅਲਗ ਮਾਹੌਲ, ਭਿੰਨ-ਭਿੰਨ ਧਰਮਾਂ ਤੇ ਰੁਕਾਵਟਾਂ ਵਿਚ ਸ਼ੁਰੂ ਕੀਤੀ, ਪਰ ਪ੍ਰਭੂ ਦੀ ਮਿਹਰ ਦਾ ਸਦਕਾ, ਅੰਤ ਨੂੰ ਸਾਰੇ 'ਇਕੋ-ਇਕ ਆਤਮਿਕ ਧਰਮੁ' ਤਕ ਪਹੁੰਚ ਗਏ ਅਤੇ ਸਾਰਿਆਂ ਨੇ

"ਇਕ ਨੂਰ ਤੇ ਸਭੁ ਜਗੁ ਉਪਜਿਆ,
ਕਉਨ ਭਲੇ ਕੋ ਮੰਦੇ ॥" (ਪੰਨਾ—1349)
ਜਾਂ "ਆਈ ਪੰਥੀ ਸਗਲ ਜਮਾਤੀ" (ਪੰਨਾ—6)

ਦਾ ਪ੍ਰਚਾਰ ਕਰਕੇ, ਸਭ ਨੂੰ **ਆਪਸੀ ਪ੍ਰੇਮ ਤੇ ਸਾਂਝੀਵਾਲਤਾ ਦਾ ਉਪਦੇਸ਼ ਦਿਤਾ।**

**ਧਾਰਮਿਕ 'ਅਨੇਕਤਾ'** ਨੂੰ, ਠੀਕ ਤਰੀਕੇ ਨਾਲ ਸਮਝਣ ਲਈ, ਹੇਠਲੀ ਵਿਚਾਰ ਹੋਰ ਭੀ ਸਹਾਇਕ ਹੋ ਸਕਦੀ ਹੈ।

ਇਕੋ ਰੱਬ ਦੀ ਰਚੀ ਕੁਦਰਤ ਵਿਚ, ਵਿਆਪਕ ਅਨੇਕਤਾ (Variety) ਨੂੰ ਹਰ ਇਕ ਗੁਰੂ, ਮਹਾਂਪੁਰਸ਼, ਭਗਤ ਨੇ ਵਡਿਆਇਆ ਤੇ ਸਵੀਕਾਰਿਆ ਹੈ। ਇਹ **'ਅਨੇਕਤਾ' ਕੁਦਰਤ ਦਾ ਸ਼ਿੰਗਾਰ ਹੈ।**

"ਸੂਰਜੁ ਏਕੋ ਰੁਤਿ ਅਨੇਕ ॥
ਨਾਨਕ ਕਰਤੇ ਕੇ ਕੇਤੇ ਵੇਸ ॥" (ਪੰਨਾ—12)
"ਇਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥" (ਜਾਪੁ ਪਾ: ੧੦)

ਗੁਰਬਾਣੀ ਦੀ ਪੰਗਤੀ :—
"ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥" (ਪੰਨਾ—1185)

ਅਨੁਸਾਰ ਜੇ ਇਕ ਫੁਲ ਆਪਣੇ ਘਮੰਡ ਨੂੰ ਤਿਆਗਦਿਆਂ ਹੋਇਆਂ, ਦੂਸਰੇ ਫੁਲ ਨੂੰ

ਖਿੜਿਆ ਦੇਖ ਕੇ, **ਖੁਦ ਖਿੜਦਾ ਹੈ**, ਤਾਂ ਸ੍ਰੋਮਣੀ ਜੂਨ ਦਾ ਚੋਲਾ ਪਹਿਨਿਆ ਹੋਇਆ ਮਨੁਖ, ਦੂਜੇ ਧਰਮੀ ਨੂੰ ਦੇਖ ਕੇ, **ਕਿਉਂ ਨਹੀਂ ਖਿੜਦਾ** ??

ਇਸ ਨੁਕਤੇ ਨੂੰ ਸਮਝਣ ਲਈ ਹੇਠਲੀ ਮਿਸਾਲ ਦਿੱਤੀ ਜਾਂਦੀ ਹੈ :—

ਚਮੇਲੀ ਦਾ ਫੁਲ, ਗੁਲਾਬ ਦੇ ਫੁਲ ਦੀ ਸੁੰਦਰਤਾ ਤੇ ਮਹਿਕ ਨਾਲ

**ਮੁਕਾਬਲਾ ਨਹੀਂ ਕਰ ਰਿਹਾ ।**

ਚਮੇਲੀ ਦਾ ਫੁਲ, ਗੁਲਾਬ ਦੇ ਪੌਦੇ ਵਿਚ ਕੰਡੇ ਦੇਖ ਕੇ, ਉਸ ਨਾਲ

**ਘਿਰਣਾ ਅਤੇ ਨਿੰਦਿਆ ਨਹੀਂ ਕਰਦਾ ।**

ਇਸੇ ਤਰ੍ਹਾਂ, ਸਾਰੀਆਂ ਕਿਸਮਾਂ ਦੇ ਫੁਲ, ਇਕ **ਦੂਜੇ ਦੇ** ਨਾ-ਮਾਤਰ **ਅਉਗਣਾਂ ਨੂੰ ਭੁਲ ਕੇ**, ਦੂਰੋਂ ਹੀ **ਸੁੰਦਰਤਾ, ਰੰਗ ਤੇ ਖੁਸ਼ਬੂ ਇਕ ਦੂਜੇ ਨੂੰ ਵੰਡ ਰਹੇ ਹਨ**, ਅਤੇ

"ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥" (ਪੰਨਾ—766)

ਦੀ ਸਾਰਿਆਂ ਵਲੋਂ **ਸੁਤੇ-ਸਿਧ ਕਮਾਈ ਹੋ ਰਹੀ ਹੈ ।**

ਇਸ ਢੰਗ ਨਾਲ :—

ਇਕ ਨਾਲ ਦਾ ਛੋਟਾ ਪਹਾੜ, ਦੂਸਰੇ ਵਡੇ ਪਹਾੜ ਦੀ **ਵਿਰੋਧਤਾ ਨਹੀਂ ਕਰਦਾ**, ਸਗੋਂ ਦੋਨੋਂ ਇਕ ਦੂਜੇ ਦੀ ਸਹਾਇਤਾ ਲਈ ਅਸਥਿਤ ਹਨ; ਅਤੇ **ਕੁਦਰਤ ਦੇ ਸ਼ਿਗਾਰ ਵਿਚ ਸ਼ਾਮਿਲ ਹੁੰਦੇ ਹਨ ।**

ਪਰ ਅਫ਼ਸੋਸ ਹੈ, ਕਿ **ਮਨੁਖ ਨੇ ਕੁਦਰਤ ਤੋਂ ਕੁਝ ਨਹੀਂ ਸਿਖਿਆ** !!

"ਅੰਬ੍ਰਿਤ ਧਰਮੇ ॥......
ਅਖੱਲ ਧਰਮੰ ॥" (ਜਾਪ ਪਾ. ੧੦)

"ਪੂਰੇ ਕਾ ਕੀਆ ਸਭ ਕਿਛੁ ਪੂਰਾ, ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ, ਪੂਰੇ ਮਾਂਹਿ ਸਮਾਂਹੀ ॥" (ਪੰਨਾ—1412)
"ਨਿੰਦਉ ਨਾਹੀ ਕਾਹੂ ਬਾਤੈ, ਏਹੁ ਖਸਮ ਕਾ ਕੀਆ ॥" (ਪੰਨਾ—611)

ਉਪਰਲੇ ਗੁਰਬਾਣੀ ਦੇ ਫੁਰਮਾਨਾਂ ਅਨੁਸਾਰ, ਰੱਬ ਦੀ ਕੁਦਰਤ ਅਤੇ ਇਸ ਵਿਚ ਪਰਵਿਰਤ **'ਹੁਕਮੁ-ਰੂਪੀ' ਨਿਯਮ ਬਿਲਕੁਲ ਮੁਕੰਮਲ ਹਨ ।** ਇਸ ਵਿਚ ਕੁਝ ਵੀ **ਉਣਾ ਤੇ ਫਾਲਤੂ ਨਹੀਂ ਹੈ**, ਅਤੇ ਪ੍ਰਭੂ ਦੀ ਰਚਨਾ ਦੇ ਕਿਸੇ ਵੀ ਪੱਖ ਵਿਚ **ਨੁਕਸ ਨਹੀਂ ਹੋ ਸਕਦਾ** !

ਇਸੇ ਤਰ੍ਹਾਂ, **ਸਾਰੇ 'ਧਰਮ', ਪ੍ਰਭੂ ਦੀ ਰਜ਼ਾ ਵਿਚ ਬਣੇ ਹਨ,** ਅਤੇ ਇਹਨਾਂ

**ਸਾਰਿਆਂ ਧਰਮਾਂ ਵਿਚ ਪ੍ਰਭੂ ਵਸਦਾ ਹੈ**, ਜਿਹਾ ਕਿ :—

"ਕਹੂੰ ਹੁਇਕੈ ਹਿੰਦੂਆ, ਗਾਇਤ੍ਰੀ ਕੋ ਗੁਪਤ ਜਪਿਓ,
ਕਹੂੰ ਹੁਇਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ ॥
ਕਹੂੰ ਕੋਕ ਕਾਬ ਹੁਇਕੈ, ਪੁਰਾਨ ਕੋ ਪੜ੍ਹਤ ਮਤ,
ਕਤਹੂੰ ਕੁਰਾਨ ਕੋ, ਨਿਦਾਨ ਜਾਨ ਲੇਤ ਹੋ ॥
ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,
ਕਹੂੰ ਤ੍ਰਿਗੁਨ ਅਤੀਤ, ਕਹੂੰ ਸਰਗੁਨ ਸਮੇਤ ਹੋ ॥ 12 ॥

(ਅਕਾਲ ਉਸਤਤਿ ਪਾ: ੧੦)

"ਕਹੂੰ ਜਟਾਧਾਰੀ, ਕਹੂੰ ਕੰਠ ਧਰੇ ਬ੍ਰਹਮਚਾਰੀ,
ਕਹੂੰ ਜੋਗ ਸਾਧੀ, ਕਹੂੰ ਸਾਧਨਾ ਕਰਤ ਹੋ ॥
ਕਹੂੰ ਕਾਨ ਫਾਰੇ, ਕਹੂੰ ਡੰਡੀ ਹੋਇ ਪਧਾਰੇ,
ਕਹੂੰ ਫੂਕ ਫੂਕ ਪਾਵਨ ਕਉ, ਪ੍ਰਿਥੀ ਪੈ ਧਰਤ ਹੋ ॥" 15 ॥

(ਅਕਾਲ ਉਸਤਤਿ ਪਾ: ੧੦)

"ਕਬਹੂ ਹੋਇ ਪੰਡਿਤੁ ਕਰੇ ਬਖ੍ਹਾਨੁ ॥
ਕਬਹੂ ਮੋਨਿ ਧਾਰੀ ਲਾਵੈ ਧਿਆਨੁ ॥
ਕਬਹੂ ਤਟ ਤੀਰਥ ਇਸਨਾਨ ॥
ਕਬਹੂ ਸਿਧ ਸਾਧਿਕ ਮੁਖਿ ਗਿਆਨ ॥......
ਜੋ ਤਿਸੁ ਭਾਵੈ ਸੋਈ ਹੋਇ ॥
ਨਾਨਕ ਦੂਜਾ ਅਵਰੁ ਨ ਕੋਇ ॥" (ਪੰਨਾ—277-8)

ਜਿਵੇਂ

ਸਾਰਿਆਂ ਫੁਲਾਂ ਵਿਚ ਖੁਸ਼ਬੂ ਤੇ ਸੁੰਦਰਤਾ ਹੈ।
ਹਰ ਕਿਸਮ ਦੇ ਦੁਧ ਵਿਚ ਘਿਉ ਹੈ।
ਸਾਰੇ ਫਲਾਂ ਵਿਚ ਮਿਠਾਸ ਹੈ।

ਠੀਕ—ਇਸੇ ਤਰ੍ਹਾਂ, **ਸਾਰੇ ਧਰਮਾਂ ਵਿਚ, ਛੁਪੇ ਹੋਏ ਦੈਵੀ ਗੁਣ ਜ਼ਰੂਰ ਹੁੰਦੇ ਹਨ।**

ਗੁਲਾਬ ਦੇ ਫੁਲ ਦੀ **ਸੁੰਦਰਤਾ ਤੇ ਮਹਿਕ ਮਾਣਨ ਲਈ**, ਸਾਨੂੰ ਸਿਰਫ **ਨਜ਼ਦੀਕ ਜਾਣ ਦੀ ਲੋੜ ਹੈ।** ਪਰ ਜਦੋਂ ਅਸੀਂ **ਖੁਦਗਰਜ਼ੀ ਵਿਚ**, ਫੁਲ ਦੀ ਸੁੰਦਰਤਾ ਅਤੇ ਮਹਿਕ ਉਤੇ **ਕਬਜ਼ਾ ਕਰਨ ਲਈ ਉਸਨੂੰ ਤੋੜਦੇ ਹਾਂ, ਤਾਂ ਕੰਡੇ ਚੁਭਣੇ ਲਾਜ਼ਮੀ ਹਨ।**

ਇਸੇ ਤਰ੍ਹਾਂ ਦੂਜੇ 'ਧਰਮਾਂ' ਨਾਲ **ਘਿਰਨਾ ਅਤੇ ਵਿਰੋਧਤਾ ਕਰਦਿਆਂ ਕੰਡੇ ਲਾਜ਼ਮੀ ਚੁਭਦੇ ਹਨ।** ਜਦੋਂ ਕੋਈ ਅਗਿਆਨਤਾ ਵਸ ਹੋ ਕੇ, ਦੂਜਿਆਂ ਨੂੰ ਘਿਰਨਾ ਭਰੀ ਦ੍ਰਿਸ਼ਟੀ ਨਾਲ ਦੇਖਦਾ ਹੈ ਤਾਂ ਉਸਦਾ ਨਤੀਜਾ ਕੁਦਰਤੀ ਤੌਰ ਤੇ **ਦੁਖਦਾਇਕ ਹੁੰਦਾ ਹੈ।**

ਪਰੰਤੂ ਇਸਦੇ ਉਲਟ ਕਿਸੇ **ਦੂਸਰੇ ਧਰਮ ਦੇ ਗੁਣ ਸਾਂਝੇ ਕਰਨ ਲਈ**, ਕੇਵਲ ਉਸਨੂੰ **ਸਵੀਕਾਰਕ—ਦ੍ਰਿਸ਼ਟੀਕੋਨ** (Positive-approach) **ਤੋਂ ਦੇਖਣ ਦੀ ਲੋੜ ਹੈ।** ਉਸ ਦੀ ਚੰਗਿਆਈ ਅਥਵਾ ਮਹਿਕ ਤੇ ਖੁਸ਼ਬੂ ਖੁਦਬਖੁਦ ਪ੍ਰਾਪਤ ਹੋ ਜਾਵੇਗੀ। ਗੁਰਬਾਣੀ ਬਿਆਨ ਕਰਦੀ ਹੈ :—

> "ਬੇਦ ਕਤੇਬ ਕਹਹੁ ਮਤ ਝੂਠੇ,
> ਝੂਠਾ ਜੋ ਨ ਬਿਚਾਰੈ ॥" (ਪੰਨਾ—1350)
>
> "ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ,
> ਫਿਰਹਿ ਜਿਉ ਬੇਤਾਲਿਆ ॥" (ਪੰਨਾ—919)
>
> "ਸਾਸਤੁ ਬੇਦੁ ਨ ਮਾਨੈ ਕੋਇ ॥
> ਆਪੋ ਆਪੈ ਪੂਜਾ ਹੋਇ ॥" (ਪੰਨਾ—951)

ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਕਿ **ਪ੍ਰਭੂ-ਪ੍ਰੇਮ ਵਿਚ ਲੀਨ ਹੋਣਾ ਹੀ**, ਇਨਸਾਨ ਦਾ ਸਭ ਤੋਂ ਜ਼ਰੂਰੀ ਤੇ **ਮੁਖ 'ਧਰਮੁ' ਹੈ।** ਪਰ ਇਹ **'ਮੰਜ਼ਿਲ'** ਗੱਲੀਂ ਬਾਤੀਂ ਨਹੀਂ ਪ੍ਰਾਪਤ ਹੁੰਦੀ। ਇਸ ਪ੍ਰਾਪਤੀ ਲਈ ਮਨੁਖ ਨੂੰ ਗੁਰੂ ਦਾ ਆਸਰਾ ਲੈ ਕੇ ਅਨੇਕਾਂ ਸਿਲਸਿਲੇ ਵਾਰ ਪਉੜੀਆਂ ਚੜਨੀਆਂ ਪੈਂਦੀਆਂ ਹਨ। ਇਹ ਸਿਲਸਿਲਾ-ਵਾਰ ਪਉੜੀਆਂ ਚੜਨ ਲਈ, ਸਾਰੇ ਲੋਕ ਆਪਣੇ-ਆਪਣੇ ਧਰਮ ਦੀਆਂ ਵੱਖ-ਵੱਖ ਸਾਧਨਾਵਾਂ ਅਪਨਾਉਂਦੇ ਹਨ।

ਪਰ ਇਥੇ, ਸਾਰੇ ਬਾਹਰਲੇ ਧਰਮਾਂ ਲਈ ਕੁਝ **ਬੁਨਿਆਦੀ ਤੇ ਸਾਂਝੇ ਗੁਣਾਂ ਜਾਂ ਸਿਧਾਂਤਾਂ ਦੀ ਵਿਚਾਰ ਕਰਨੀ ਲੋੜੀਂਦੀ ਹੈ**, ਨਹੀਂ ਤਾਂ ਅਸੀਂ ਇਸ ਸੋਝੀ ਤੋਂ ਬਗੈਰ, ਸਹੀ ਧਾਰਮਿਕ ਰਸਤੇ ਤੋਂ **ਭਟਕ ਜਾਂ ਖੁੰਝ ਜਾਵਾਂਗੇ**, ਅਤੇ ਪ੍ਰਭੂ-ਪ੍ਰੇਮ ਦੀ **ਮੰਜ਼ਿਲ** ਤਕ ਨਹੀਂ ਪਹੁੰਚ ਸਕਾਂਗੇ।

ਗੁਰਬਾਣੀ ਦੀ ਰੋਸ਼ਨੀ ਵਿਚ, **ਸਤੁ, ਸੰਤੋਖ, ਦਇਆ ਅਤੇ ਧੀਰਜ,** 'ਧਰਮ' ਦੇ ਚਾਰ ਬੁਨਿਆਦੀ-ਗੁਣ ਜਾਂ ਪੈਰ ਮੰਨੇ ਗਏ ਹਨ। ਇਸ ਸਚਾਈ ਨੂੰ ਹੋਰ ਅਨੇਕਾਂ ਧਰਮਾਂ ਨੇ ਵੀ ਕਬੂਲਿਆ ਹੈ।

"ਸਤਿਜੁਗਿ ਧਰਮੁ ਪੈਰ ਹੈ ਚਾਰਿ ॥
ਗੁਰਮੁਖਿ ਬੂਝੈ ਕੋ ਬੀਚਾਰਿ ॥" (ਪੰਨਾ—380)

"ਸਤੁ ਸੰਤੋਖੁ ਦਇਆ ਧਰਮੁ, ਸੀਗਾਰੁ ਬਣਾਵਉ ॥" (ਪੰਨਾ—812)

"ਸਤੁ ਸੰਤੋਖੁ, ਦਇਆ ਧਰਮੁ ਸਚੁ, ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥"
(ਪੰਨਾ—379)

"ਸਤੁ ਸੰਤੋਖੁ ਦਇਆ ਧਰਮੁ ਸੁਚਿ, ਸੰਤਨ ਤੇ ਇਹੁ ਮੰਤੁ ਲਈ ॥"
(ਪੰਨਾ—822)

"ਧੀਰਜੁ ਧਰਮੁ ਗੁਰਮਤਿ ਹਰਿ ਪਾਇਆ,
ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥" (ਪੰਨਾ—494)

"ਧੀਰਜ ਧਰਮੁ ਧਰਣੀਧਰ ਟੇਕ ॥" (ਪੰਨਾ—686)

"ਧਰਮ ਧੀਰਜ ਸਹਜ ਸੁਖੀਏ, ਸਾਧ ਸੰਗਤਿ ਹਰਿ ਭਜੇ ॥"
(ਪੰਨਾ—460)

"ਧੀਰਜ ਧਰਮ ਭਿਰਾਵ ਦੋਇ, ਜਪੁ ਤਪੁ ਜਤੁ ਸਤੁ ਪੁਤ ਜਣਾਇਆ ॥"
(ਵਾ: ਭਾ: ਗੁ: 6/5)

"ਧੀਰਜ ਧੁਜਾ ਧਰੰਮ, ਸਹਜਿ ਸੁਭਾਇਆ ॥" (ਵਾ: ਭਾ: ਗੁ: 19/60)

"ਧੀਰਜੁ ਧਰਮੁ ਸੰਤੋਖ ਦ੍ਰਿੜੁ, ਪੈਰਾ ਹੇਠਿ ਰਹੈ ਲਿਵ ਲੀਣੀ ॥"
(ਵਾ: ਭਾ: ਗੁ: 4/2)

"ਦਯਾ ਧਰਮ ਕਾ ਮੂਲ ਹੈ, ਪਾਪ ਮੂਲ ਅਭਿਮਾਨ ॥"
(ਭਗਤ ਤੁਲਸੀ ਦਾਸ)

ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਕਿ 84 ਲਖ ਜੂਨਾਂ ਦੇ ਜੀਵ ਤਾਂ ਦਿਆਨਤਦਾਰੀ ਨਾਲ, ਰੱਬੀ ਕਾਨੂੰਨ ਵਿਚ ਅਭੋਲ ਤੇ ਅਣਜਾਣੇ ਹੀ ਆਪੋ-ਆਪਣਾ **'ਧਰਮ' ਨਿਭਾ ਰਹੇ ਹਨ,** ਇਸ ਤਰ੍ਹਾਂ ਮਨੁਖ ਨੇ ਭੀ 'ਧਰਮ' ਅਪਨਾ ਕੇ, ਆਪਣਾ ਖਾਣਾ, ਪੀਣਾ, ਸੌਣਾ, ਪਹਿਨਣਾ, ਵੇਖਣਾ, ਸੁਣਨਾ, ਪੜ੍ਹਨਾ, ਸੋਚਣਾ, ਕਿਰਤ, ਕਰਮ, ਵਿਵਹਾਰ, ਰੀਝਾਂ ਨੂੰ **ਸਹੀ ਨਿਯਮਾਂ ਤੇ ਦੈਵੀ ਰੁਚੀਆਂ ਅਨੁਸਾਰ, ਢਾਲਣਾ ਜਾਂ ਉਤਪੰਨ ਕਰਨਾ ਹੈ।** ਗੁਰਬਾਣੀ ਵਿਚ ਥਾਂ ਥਾਂ ਤੇ ਸਤਿਗੁਰਾਂ ਨੇ ਸਦ-ਗੁਣਾਂ ਤੇ ਦੈਵੀ-ਰੁਚੀਆਂ ਨੂੰ ਧਾਰਨ, ਅਤੇ ਅਉਗੁਣਾਂ ਤੇ ਕੁਰੁਚੀਆਂ ਨੂੰ ਤਿਆਗਣ ਦਾ ਉਪਦੇਸ਼ ਦੇ ਕੇ, ਨੀਚ ਹੈਵਾਨੀ ਸੋਚਨੀ ਵਾਲੇ ਮਨਮੁਖਾਂ, ਸਾਕਤਾਂ ਤੇ ਦੁਰਮਤਿ ਵਾਲਿਆਂ ਨੂੰ, **ਸਦਾਚਾਰੀ, ਸਚਿਆਰੇ ਤੇ ਗੁਰਮੁਖ ਬਣਨ ਦਾ ਮਾਰਗ ਦਿਖਾਇਆ ਹੈ :—**

"ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਇਆ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤ ॥"
(ਰਾਗੁ ਰਾਮਕਲੀ ਪਾ: 10)

"ਕਿਰਤਿ ਵਿਰਤਿ ਕਰਿ ਧਰਮ ਦੀ, ਹਥਹੁ ਦੇ ਕੈ ਭਲਾ ਮਨਾਵੈ ॥
ਪਾਰਸੁ ਪਰਸਿ ਅਪਰਸਿ ਹੋਇ, ਪਰ ਤਨ ਪਰ ਧਨ ਹਥੁ ਨ ਲਾਵੈ ॥"
(ਵਾ: ਭਾ: ਗੁ: 6/11)

"ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰ ਗਾਈਐ ॥" (ਪੰਨਾ—386)

"ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ ॥" (ਪੰਨਾ—590)

"ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ ॥" (ਪੰਨਾ—1299)

"ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਿਆਵੈ ॥
(ਰਾਮਕਲੀ ਪਾ: ੧੦)

"ਰੋਸੁ ਨ ਕਾਹੂ ਸੰਗ ਕਰਹੁ ॥" (ਪੰਨਾ—259)

"ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥"
(ਪੰਨਾ—755)

"ਪਰ ਕਾ ਬੁਰਾ ਨ ਰਾਖਹੁ ਚੀਤ ॥" (ਪੰਨਾ—386)

"ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥" (ਪੰਨਾ—1164)

"ਅਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ ॥" (ਪੰਨਾ—1099)

"ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥
ਜਿਤ ਪੀਤੈ ਖਸਮ ਵਿਸਰੈ, ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥" (ਪੰਨਾ—554)

ਪਰੰਤੂ ਲੋਕ-ਰੁਚੀ ਐਸੀ ਹੈ, ਕਿ **ਗੁਣਾਂ ਦੀ ਥਾਂ ਅਉਗੁਣਾਂ ਵਲ ਵਧੇਰੀ ਖਿਚੀ ਜਾਂਦੀ ਹੈ, ਪਸ਼ੂ ਬਿਰਤੀ** ਮਨੁਖ ਨੂੰ ਉਪਰ ਉਠਣੋਂ, ਰੁਕਾਵਟਾਂ ਪਾਉਂਦੀ ਤੇ ਰਸਾਤਲ ਵਲ ਨੂੰ ਲੈ ਜਾਂਦੀ ਹੈ। ਸਤਿਗੁਰਾਂ ਦਾ ਫੁਰਮਾਨ ਹੈ :—

"ਲੋਕੁ ਅਵਗੁਣਾ ਕੀ ਬੰਨ੍ਹੈ ਗੰਠੜੀ, ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕੁ ਨਾਨਕਾ, ਵਿਰਲਾ ਕੋਈ ਹੋਇ ॥" (ਪੰਨਾ—1092)

ਪਰਮਾਰਥ ਵਿਚ, **'ਭਗਤੀ'** ਤੇ **'ਦੈਵੀ ਗੁਣ'** ਇਕੱਠੇ **ਨਾਲ-ਨਾਲ ਚਲਦੇ ਹਨ।**

"ਵਿਣੁ ਗੁਣ ਕੀਤੇ ਭਗਤਿ ਨ ਹੋਇ ॥" (ਪੰਨਾ—4)

ਇਸ ਲਈ ਗੁਰਮਤਿ ਵਿਚ, ਅਨੇਕਾਂ ਦੈਵੀ ਗੁਣਾਂ ਨੂੰ ਧਾਰਨ ਕਰਨ ਲਈ

ਪ੍ਰਭੂ ਅੱਗੇ ਅਰਦਾਸ
ਪ੍ਰਭੂ ਦੀ ਸਿਫ਼ਤ-ਸਾਲਾਹ
ਮਨ ਨੂੰ ਖੋਜਣਾ ਤੇ ਘੜਨਾ
ਪ੍ਰਭੂ ਦਾ ਸ਼ੁਕਰ
ਪ੍ਰਭੂ ਦਾ ਭੈ
ਪ੍ਰਭੂ ਵਿਛੋੜੇ ਵਿਚ ਬੈਰਾਗ
**ਪ੍ਰਭੂ ਪ੍ਰੇਮ**
ਨਿਸ਼ਕਾਮ ਸੇਵਾ
ਸਾਧ-ਸੰਗਤ

**ਹੀ, ਮੁਖ ਸਾਧਨ ਦੱਸੇ ਗਏ ਹਨ।**

ਦੂਜੇ ਪਾਸੇ, ਜੋ ਮਨੁਖ, ਸਤੁ ਸੰਤੋਖ, ਦਇਆ, ਧੀਰਜ, ਅਦਿ, ਦੈਵੀ ਗੁਣ ਨਹੀਂ ਧਾਰਨ ਕਰਦੇ, ਤਾਂ ਇਹ ਕੁਦਰਤੀ ਗਲ ਹੈ ਕਿ ਉਹ ਲੋਕ ਝੂਠ, ਤ੍ਰਿਸ਼ਨਾ, ਲੁਟ-ਘਸੁਟ, ਕ੍ਰੋਧ, ਘਿਰਨਾ, ਈਰਖਾ, ਦਵੈਤ, ਤਅੱਸੁਬ, ਆਦਿ, **ਅਉਗੁਣਾਂ ਵਿਚ ਗਲਤਾਨ ਹੋ ਜਾਂਦੇ ਹਨ।**

ਇਸੇ ਲਈ ਗੁਰੂ ਨਾਨਕ ਨੇ, ਸਮੁਚੇ ਜਗਤ ਨੂੰ ਸ਼ਾਂਤ-ਵਾਤਾਵਰਨ ਪੈਦਾ ਕਰਨ ਲਈ ਤਿੰਨ ਸੁਨਹਿਰੀ ਅਸੂਲ :—

**ਨਾਮ ਜਪਣਾ**
**ਵੰਡ ਛਕਣਾ**
**ਕਿਰਤ ਕਰਨੀ**

ਦਾ ਉਪਦੇਸ਼ ਦ੍ਰਿੜਾ ਕੇ, **ਸੱਚੀ-ਸੁਚੀ ਜੀਵਨ-'ਸੇਧ' ਦਿੱਤੀ।**

"ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥" (ਪੰਨਾ—2)

"ਘਾਲਿ ਖਾਇ ਕਿਛੁ ਹਥਹੁ ਦੇ, ਨਾਨਕ ਰਾਹੁ ਪਛਾਣਹਿ ਸੇਇ ॥"
(ਪੰਨਾ—1245)

"ਜਪਿ ਮਨ ਨਾਮੁ ਏਕੁ ਅਪਾਰੁ ॥
ਪ੍ਰਾਨ ਮਨੁ ਤਨੁ ਜਿਨਹਿ ਦੀਆ, ਰਿਦੇ ਕਾ ਆਧਾਰੁ ॥" (ਪੰਨਾ—51)

"ਕਿਰਤਿ ਵਿਰਤਿ ਕਰਿ ਧਰਮ ਦੀ, ਹਥਹੁ ਦੇ ਕੈ ਭਲਾ ਮਨਾਵੈ ॥"

(ਵਾ: ਭਾ: ਗੁ: 6/12)

"ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥"

(ਪੰਨਾ—522)

"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥" (ਪੰਨਾ—1376)

ਇਸ ਹਕੀਕਤ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ, ਕਿ ਜਿਉਂ ਜਿਉਂ ਜ਼ਿਆਦਾ ਗਿਣਤੀ ਵਿਚ ਲੋਕ **ਸਹੀ ਭਾਵਨਾ ਸਹਿਤ, ਕਿਸੇ ਧਰਮ ਨੂੰ ਅਪਨਾਉਂਦੇ ਹਨ**, ਤਿਉਂ ਤਿਉਂ **ਉਸ ਧਰਮ ਦੀ ਸਾਮਾਜਿਕ, ਆਰਥਿਕ ਤੇ ਆਤਮਿਕ ਸ਼ਕਤੀ ਵਧਦੀ ਜਾਂਦੀ ਹੈ।** ਅਸਲ ਵਿਚ ਇਹ ਸ਼ਕਤੀ

ਮਜ਼ਲੂਮ ਦੀ ਰਖਿਆ ਲਈ
ਪਾਪ ਨੂੰ ਖਤਮ ਕਰਨ ਲਈ
ਜ਼ਾਲਮ ਤੇ ਜ਼ੁਲਮ ਦਾ ਟਾਕਰਾ ਕਰਨ ਲਈ
ਧਰਮ ਦੇ ਪ੍ਰਚਾਰ ਲਈ
ਸ਼ਾਂਤ ਵਾਤਾਵਰਨ ਬਣਾਉਣ ਲਈ
ਦੁਖੀਆਂ, ਗਰੀਬਾਂ, ਅਨਾਥਾਂ ਦੀ ਸਹਾਇਤਾ ਲਈ

**ਵਰਤੀ ਜਾਣੀ ਚਾਹੀਦੀ ਹੈ।**

ਜੇ ਅਸੀਂ, ਇਸ 'ਸ਼ਕਤੀ' ਨੂੰ **ਠੀਕ ਜਗਾ ਤੇ ਠੀਕ ਸਮੇਂ ਸਿਰ ਨਹੀਂ ਵਰਤਦੇ**, ਤਾਂ ਵੀ ਅਸੀਂ 'ਧਰਮੀ' ਅਖਵਾਉਣ ਦੇ ਹੱਕਦਾਰ ਨਹੀਂ।

ਦੂਜੇ ਲਫ਼ਜ਼ਾਂ ਵਿਚ **'ਭਗਤੀ' ਤੋਂ ਹੀ 'ਸ਼ਕਤੀ' ਪੈਦਾ ਹੁੰਦੀ ਹੈ।** ਪਰ ਜਦੋਂ 'ਧਰਮ' ਅਤੇ ਇਸਦੇ ਅਪਨਾਉਣ ਵਾਲਿਆਂ ਦੀ ਬਹੁ-ਗਿਣਤੀ, **'ਭਗਤੀ-ਭਾਵਨਾ' ਤੋਂ ਖਾਲੀ ਹੋ ਜਾਂਦੀ ਹੈ**, ਤਾਂ ਇਤਿਹਾਸ ਗਵਾਹ ਹੈ, ਕਿ **ਇਹੀ 'ਸ਼ਕਤੀ'—ਜ਼ੁਲਮ ਦਾ ਰੂਪ ਧਾਰ ਕੇ, ਅਤਿਅੰਤ ਤਬਾਹੀ ਮਚਾਉਂਦੀ ਰਹੀ ਹੈ।**

ਤ੍ਰੈਗੁਣੀ ਮਾਇਕੀ-ਮੰਡਲ ਅੰਦਰ ਧਾਰਮਿਕ ਪ੍ਰਚਾਰ ਦਿਮਾਗੀ ਗਿਆਨ ਦੁਆਰਾ ਹੋ ਸਕਦਾ ਹੈ, ਪਰ **ਚੌਥੇ ਪਦ ਦੇ ਆਤਮਿਕ ਮੰਡਲ ਵਿਚ, ਇਸ ਦਿਮਾਗੀ ਗਿਆਨ ਦੀ ਪਹੁੰਚ ਨਹੀਂ।** ਇਸ ਲਈ ਜਦ ਗੁਰਬਾਣੀ ਵਿਚ ਆਤਮਿਕ ਮੰਡਲ ਪ੍ਰਤੀ ਸ਼ਬਦ ਆਉਂਦੇ ਹਨ, ਤਾਂ ਅਸੀਂ ਉਨ੍ਹਾਂ ਦਾ **ਓਪਰਾ ਜਿਹਾ, ਦਿਮਾਗੀ ਗਿਆਨ ਦੁਆਰਾ, 'ਟਾਲਮ-ਟੋਲਾ' ਹੀ ਕਰ ਛਡਦੇ ਹਾਂ!**

**ਆਤਮਿਕ-ਮੰਡਲ ਦੇ 'ਧਰਮੁ' ਦੀ ਵਿਆਖਿਆ, ਸਿਰਫ਼ ਬਿਬੇਕ ਬੁੱਧੀ ਵਾਲੇ, ਤੱਤ-ਜੋਗ-ਕੇ-ਬੇਤੇ, ਬਖਸ਼ੇ ਹੋਏ, ਵਿਰਲੇ ਅਨੁਭਵੀ ਗੁਰਮੁਖ-ਜਨ ਹੀ, ਕਰ ਸਕਦੇ ਹਨ।**

"ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ ॥" (ਪੰਨਾ—935)

ਅਨੇਕਾਂ ਧਰਮਾਂ ਦੇ ਅੱਡ ਅੱਡ ਨਿਸਚਿਆਂ ਤੇ ਆਧਾਰਤ, ਬਾਹਰਮੁਖੀ ਕਰਮ-ਕਿਰਿਆ, ਰਵਾਇਤਾਂ, ਮਰਿਆਦਾ ਵਿਚ, **ਫ਼ਰਕ, ਵਿਤਕਰਾ ਹੋਣਾ ਲਾਜ਼ਮੀ ਹੈ,** ਜਿਸ ਤੋਂ ਵਾਦ-ਵਿਵਾਦ, ਲੜਾਈਆਂ, ਝਗੜੇ, ਈਰਖਾ, ਦਵੈਤ ਉਪਜਦੇ ਹਨ, ਤੇ **'ਧਾਰਮਿਕ ਮਤਾਂ' ਵਿਚ ਮੱਤ-ਭੇਦ ਕਾਰਣ, ਕਈ ਹੋਰ ਨਵੇਂ ਫ਼ਿਰਕੇ ਬਣਦੇ ਜਾਂਦੇ ਹਨ।**

ਇਹ, ਗੁਰਬਾਣੀ ਵਿਦ ਦਰਸਾਏ 'ਸਗਲ ਸੰਗਿ ਹਮ ਕਉ ਬਨ ਆਈ' ਦੇ **ਆਸ਼ੇ ਦੇ ਐਨ ਉਲਟ ਹੈ।**

ਗੁਰੂ, ਅਵਤਾਰਾਂ ਦੀਆਂ ਬਾਣੀਆਂ ਵਿਚ ਦਰਸਾਏ **ਸਾਂਝੇ ਅੰਤਰਮੁਖੀ, ਆਤਮਿਕ 'ਨੁਕਤੇ', 'ਭੇਦ' ਜਾਂ 'ਤੱਤ' ਦੇ ਆਤਮਿਕ ਗਿਆਨ ਤੋਂ ਅਸੀਂ** ਬੇਖ਼ਬਰ, ਅਨਜਾਣ **ਜਾਂ ਅਵੇਸਲੇ ਹੋ ਗਏ ਹਾਂ, ਜਾਂ ਜਾਣ-ਬੁਝ ਕੇ ਮਚਲੇ ਹੋਏ ਬੈਠੇ ਹਾਂ।**

ਪਿਛਲੇ ਜਨਮਾਂ ਦੀ ਧਾਰਮਿਕ ਕਮਾਈ ਸਦਕਾ, ਟਾਂਵੀਆਂ-ਟਾਂਵੀਆਂ ਰੂਹਾ, ਬਾਹਰਮੁਖੀ ਤ੍ਰੈਗੁਣੀ ਮੰਡਲ ਦੇ ਧਾਰਮਿਕ, ਕਰਮ-ਕਿਰਿਆ ਨਾਲ **'ਸੰਤੁਸ਼ਟ'** ਨਹੀਂ **ਹੁੰਦੀਆਂ।** ਉਹਨਾਂ ਦੇ ਹਿਰਦੇ ਦੀਆਂ ਧੁਰ ਕੰਦਰਾਂ ਵਿਚ, **ਕਿਸੇ ਉਚੇਰੇ ਆਤਮਿਕ ਮੰਡਲ ਦੇ ਅੰਤਰਮੁਖੀ, 'ਅਨੁਭਵੀ ਧਰਮੁ' ਦੀ ਸੂਖਮ ਕਾਂਖੀ ਜਾਂ ਭੁਖ, ਅਨਜਾਣੇ ਹੀ ਲਗੀ ਰਹਿੰਦੀ ਹੈ।**

ਇਸ ਸੂਖਮ **ਆਤਮਿਕ 'ਕਾਂਖੀ' ਜਾਂ ਗੁਝੀ 'ਧੁਖ-ਧੁਖੀ** ਕਾਰਨ, ਜੀਵ ਦੇ ਅੰਤਰ-ਆਤਮੇ, ਕੁਦਰਤੀ ਤੌਰ ਤੇ, ਆਪਣੇ ਸੋਮੇ, ਅਕਾਲ-ਪੁਰਖ ਵਲ, **ਅਨਜਾਣੇ ਹੀ 'ਖਿੱਚ' ਬਣੀ ਰਹਿੰਦੀ ਹੈ।** ਭਾਵੇਂ ਇਹ **ਸੂਖਮ ਆਤਮਿਕ 'ਖਿੱਚ',** ਮਾਇਆ ਦੇ ਕਾਲੇ-ਬੋਲੇ ਬੱਦਲਾਂ ਹੇਠ **'ਮੱਧਮ' ਪੈ ਜਾਂਦੀ ਹੈ,** ਪਰ ਫੇਰ ਵੀ ਕਿਸੇ ਨ ਕਿਸੇ ਸ਼ਕਲ ਵਿਚ, ਇਹ **ਗੁਝੀ ਸੂਖਮ ਭੁੱਖ, ਜੀਵ ਨੂੰ, ਅਨਜਾਣੇ ਹੀ, ਆਤਮਿਕ ਮੰਡਲ ਦੇ 'ਇਲਾਹੀ ਧਰਮੁ' ਦੇ ਪ੍ਰਕਾਸ਼, 'ਸ਼ਬਦੁ' 'ਨਾਮੁ' ਵਲ ਉਕਸਾਉਂਦੀ, ਪ੍ਰੇਰਦੀ ਤੇ ਖੋਜ ਕਰਾਉਂਦੀ ਰਹਿੰਦੀ ਹੈ।**

ਐਸੇ **ਉਤਮ ਜਗਿਆਸੂਆਂ** ਦੀ **ਸੱਚੀ-ਸੁਚੀ ਆਤਮਿਕ ਲਗਨ ਸਦਕਾ,**

ਉਨ੍ਹਾਂ ਤੇ ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ, ਤੇ ਉਹਨਾਂ ਨੂੰ ਸਤਿਗੁਰੂ ਕਿਸੇ ਗੁਰਮੁਖ ਪਿਆਰੇ **ਇਲਾਹੀ ਜੀਵਨ ਵਾਲੇ, 'ਤੱਤ-ਜੋਗ-ਕੇ-ਬੇਤੇ', ਮਹਾਂਪੁਰਖ ਨਾਲ ਮੇਲ ਕਰਾ ਦਿੰਦਾ ਹੈ,** ਤੇ **ਸਾਧ-ਸੰਗਤ ਦੁਆਰਾ,** ਉਨ੍ਹਾਂ ਜਗਿਆਸੂਆਂ ਨੂੰ **ਅੰਤਰਮੁਖੀ, ਅਨੁਭਵੀ** ਗਿਆਨ ਦੀ **'ਦਾਤ' ਬਖਸ਼ਿਸ਼ ਹੁੰਦੀ ਹੈ।** ਇਸ ਤਰ੍ਹਾਂ ਇਨ੍ਹਾਂ ਉਤਮ ਜਗਿਆਸੂਆਂ ਦਾ ਜੀਵਨ **ਬਦਲ ਕੇ 'ਆਤਮ ਪ੍ਰਾਇਣ' ਹੋ ਜਾਂਦਾ ਹੈ।** ਐਸੇ ਬਖਸ਼ੇ ਹੋਏ ਗੁਰਮੁਖ ਪਿਆਰੇ, ਅਗਾਹਾਂ, **ਹੋਰ ਉਤਮ ਜਗਿਆਸੂਆਂ ਨੂੰ,** ਗੁਰੂ ਦੀ ਬਖਸ਼ਿਸ਼ ਦੁਆਰਾ, **ਅਗਵਾਈ ਤੇ ਸਹਾਇਤਾ ਕਰਦੇ ਹਨ।**

"ਕ੍ਰਿਪਾ ਕਰੇ ਜਿਸ ਪਾਰਬ੍ਰਹਮੁ, ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥"
(ਪੰਨਾ—71)

"ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰ ਮਿਲਤ ਹਰਿ ਨਾਨਕ, ਜਨਮ ਜਨਮ ਕੀ ਸੋਈ ਜਾਗੀ ॥"
(ਪੰਨਾ—204)

"ਸੇਈ ਗੁਰਮੁਖ ਪਿਆਰੇ ਮੇਲ, ਜਿਨਾ ਮਿਲਿਆ ਤੇਰਾ ਨਾਮ ਚਿਤ ਆਵੇ ॥"
(ਅਰਦਾਸ)

ਪੜ੍ਹਿਆ-ਪੜ੍ਹਾਇਆ, ਸੁਣਿਆ-ਸੁਣਾਇਆ, ਸਿਖਿਆ-ਸਿਖਾਇਆ, ਸਮਝਿਆ-ਸਮਝਾਇਆ **'ਬਾਹਰਮੁਖੀ ਧਰਮ', ਬੁਧੀ ਦੀ ਪ੍ਰਾਪਤੀ ਹੈ,** ਅਤੇ ਇਸ ਦੇ ਪ੍ਰਚਾਰ ਦਾ ਸਿਲਸਿਲਾ ਭੀ **ਸਰੀਰਕ ਤੇ ਦਿਮਾਗੀ 'ਕਰਤੱਵ' ਹੈ।**

ਗੁਰੂਆਂ, ਅਵਤਾਰਾਂ ਦੇ ਦਰਸਾਏ ਹੋਏ ਅੰਤਰ-ਆਤਮੇ **ਪ੍ਰਕਾਸ਼-ਰੂਪ 'ਨਾਮੁ', ਜਾਂ 'ਆਤਮਿਕ ਧਰਮੁ' ਦੇ ਗੁਝੇ ਭੇਦਾਂ ਨੂੰ, ਬੁੱਧੀ ਮੰਡਲ ਦੀ ਫ਼ਿਲਾਸਫ਼ੀ** (Philosophy) **ਅਨੁਭਵ ਨਹੀਂ ਕਰ ਸਕਦੀ,** ਕਿਉਂਕਿ **ਇਹ 'ਆਤਮਿਕ-ਖੇਡ' ਬੁੱਧੀ ਦੀ ਪਕੜ ਤੋਂ ਪਰੇ ਹੈ।**

ਉਦਾਹਰਣ ਦੇ ਤੌਰ ਤੇ, ਬਿਜਲੀ ਦੀ ਬਾਬਤ ਕਿਤਾਬੀ ਗਿਆਨ ਪੜ੍ਹਨਾ-ਪੜ੍ਹਾਉਣਾ **ਹੋਰ ਗੱਲ ਹੈ,** ਪਰ **ਬਿਜਲੀ ਦੇ ਕਰੰਟ ਦੇ ਝਟਕੇ ਦਾ ਨਿਜੀ ਤਜਰਬਾ ਹੋਰ ਗੱਲ ਹੈ।**

(Personal experience of electric shock is quite different from the theoretical and intellectual knowledge about electricity).

ਇਸੇ ਤਰ੍ਹਾਂ ਆਤਮਿਕ-ਮੰਡਲ ਦੇ 'ਜੀਵਨ-ਰੌ', 'ਸਬਦੁ', 'ਨਾਮੁ', 'ਪ੍ਰੇਮ-ਲਿਵ',

ਜਾਂ 'ਆਤਮਿਕ ਧਰਮੁ', ਨੂੰ, ਅੰਤਰ ਆਤਮੇ, ਨਿਜੀ ਤਜਰਬੇ ਦੁਆਰਾ, 'ਮਾਣਨਾ' ਹੋਰ ਗਲ ਹੈ, ਤੇ ਇਸ ਆਤਮਿਕ ਮੰਡਲ ਤੇ 'ਤੱਤ-ਗਿਆਨ' ਦੇ 'ਭੇਦ' ਦੀ ਬਾਬਤ, ਨਿਰਾਪੁਰਾ ਦਿਮਾਗੀ ਗਿਆਨ ਘੋਟਣਾ, ਬਿਲਕੁਲ ਹੋਰ ਗੱਲ ਹੈ !!

ਇਹ ਗੱਲ ਪੜ੍ਹਨ ਦੀ ਨਹੀਂ, ਬੱਝਣ ਦੀ ਹੈ !!

"ਪੜਿਐ ਨਾਹੀ, ਭੇਦੁ ਬੁਝਿਐ ਪਾਵਣਾ ॥" (ਪੰਨਾ—148)

ਇਸੇ ਅੰਤਰਮੁਖੀ 'ਆਤਮਿਕ ਧਰਮੁ' ਦਾ ਬਿਆਨ, ਉਪਦੇਸ਼ ਅਤੇ ਅਨੁਭਵ ਦੁਆਰਾ ਪ੍ਰਾਪਤੀ ਤੇ ਜੁਗਤੀ, ਗੁਰਬਾਣੀ ਵਿਚ ਭਰਪੂਰ ਹੈ। ਫਿਰ ਭੀ ਅਸੀਂ ਇਸ ਆਤਮਿਕ ਮੰਡਲ ਦੀ ਇਲਾਹੀ ਅਮੋਲਕ 'ਦਾਤ', 'ਅਨੂਪ ਵਸਤੂ', ਦੇ ਅਨੰਦ, ਰੰਗ, ਰਸ, ਸੁਖ, ਸੁਆਦ ਤੋਂ, ਆਪ ਵੀ ਵਾਂਝੇ ਰਹਿ ਰਹੇ ਹਾਂ, ਤੇ ਜਗਤ ਨੂੰ ਭੀ ਵਾਂਝਿਆਂ ਕਰ ਰਖਿਆ ਹੈ।

"ਮਾਰਗਿ ਮੋਤੀ ਬੀਥਰੇ, ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ, ਜਗਤੁ ਉਲੰਘੇ ਜਾਇ ॥" (ਪੰਨਾ—1370)

ਇਸ ਅਣ-ਗਹਿਲੀ, ਅਗਿਆਨਤਾ, ਮਹਾਂਭੁਲ, ਭਰਮ-ਭੁਲਾਵੇ ਦੇ ਕਾਰਣ ਇਹ ਹਨ :—

1. ਅਸੀਂ ਬਾਹਰਮੁਖੀ ਕਰਮ ਕਾਂਡਾਂ ਨੂੰ ਹੀ, 'ਸੰਪੂਰਨ ਧਰਮ' ਸਮਝੀ ਬੈਠੇ ਹਾਂ। ਇਸ ਦੇ ਰਟਨ (Routine) ਵਿਚ ਹੀ ਮਸਤ ਤੇ ਸੰਤੁਸ਼ਟ ਹਾਂ।
2. ਦਿਮਾਗੀ ਗਿਆਨ ਤੇ ਧਰਮ ਨੂੰ, ਅਸੀਂ ਨਿਜੀ ਮਾਇਕੀ ਸੁਆਰਥ ਦੀ ਪੂਰਤੀ ਦਾ ਹੀ 'ਸਾਧਨ' ਬਣਾਇਆ ਹੋਇਆ ਹੈ।
3. ਤ੍ਰੈ-ਗੁਣੀ ਹਉਮੈ ਦੇ ਭਰਮ-ਭੁਲਾਵੇ ਵਾਲੀ ਧਾਰਮਿਕ ਅਵਸਥਾ ਨੂੰ ਹੀ, ਅੰਤਿਮ ਧਾਰਮਿਕ ਮੰਜ਼ਿਲ ਸਮਝੀ ਬੈਠੇ ਹਾਂ।
4. ਚੌਥੇ ਪਦ ਦੇ ਆਤਮਿਕ ਮੰਡਲ ਦੇ ਅਨੁਭਵੀ ਇਲਾਹੀ 'ਖੇਲ' ਦੀ ਸਾਨੂੰ :—

ਸੋਝੀ ਹੀ ਨਹੀਂ
ਗਿਆਨ ਹੀ ਨਹੀਂ
ਨਿਸਚਾ ਹੀ ਨਹੀਂ
ਲੋੜ ਹੀ ਨਹੀਂ
ਭੁਖ ਹੀ ਨਹੀਂ
ਉਦਮ ਹੀ ਨਹੀਂ

5. ਅਸੀਂ ਆਪਣੇ ਜੀਵਨ ਨੂੰ **'ਹਉਮੈਂ'** ਦੇ **ਭਰਮ-ਭੁਲਾਵੇ ਦੀ ਹਨੇਰ-ਕੋਠੜੀ ਵਿਚ ਕੈਦ ਕੀਤਾ ਹੋਇਆ ਹੈ। ਜਿਸ ਵਿਚ ਆਤਮਿਕ ਪ੍ਰਕਾਸ਼ ਦੀ ਕਿਰਨ ਦੇ ਦਾਖਲ ਹੋਣ ਦੀ ਸੰਭਾਵਨਾ ਹੀ ਨਹੀਂ ਹੈ।**
We have sentenced ourselves to life-long imprisonment in the solitary Dark Dungeon of our own '*ego*'—without any chance of entry of rays of Divine Light.

6. ਆਪੂੰ ਉਸਾਰੀ ਹਉਂਮੈਂ ਦੀ **'ਹਨੇਰ'—ਕਾਲ-ਕੋਠੜੀ** ਵਿਚ ਵੀ, ਆਪੇ ਆਪਣੇ **ਅਧੂਰੇ, ਗਲਤ ਤੇ ਫੋਕੇ ਧਾਰਮਿਕ ਨਿਸਚਿਆਂ ਦੀਆਂ 'ਕਾਲੀਆਂ ਐਨਕਾਂ' ਲਾਈਆਂ ਹੋਈਆਂ ਹਨ,** ਜਿਹੜੀਆਂ ਅਸੀਂ **ਲਾਹੁਣ ਲਈ ਤਿਆਰ ਨਹੀਂ** !

ਇਸ ਤਰ੍ਹਾਂ ਅਸੀਂ ਆਪਣਾ ਜੀਵਨ :—

"ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥" (ਪੰਨਾ—133)

ਵਾਲਾ ਬਣਾ ਰਖਿਆ ਹੈ।

ਬਖਸ਼ੇ ਹੋਏ ਗੁਰਮੁਖ ਪਿਆਰੇ, ਮਹਾਂ ਪੁਰਖਾਂ ਦੇ ਰਾਹੀਂ, ਗੁਰੂਆਂ, ਅਵਤਾਰਾਂ ਦੇ ਦਰਸਾਏ ਹੋਏ **ਆਤਮ ਪ੍ਰਕਾਸ਼** ਜਾਂ **'ਆਤਮਿਕ-ਧਰਮੁ' ਦੀ ਬਖਸ਼ਿਸ਼, ਸੀਨਾ ਬਸੀਨਾ, ਜੋਤਿ-ਨਾਲ-ਜੋਤਿ ਜਗਾਉਣ ਦਾ ਅਟੁਟ ਅਤੇ ਅਭੁਲ ਸਿਲਸਿਲਾ ਲਗਾਤਾਰ ਚਲਿਆ ਆਉਂਦਾ ਹੈ।**

"ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ, ਕਿਨ ਜਪਿਓ ਗੁਰਮੰਤੁ ॥"
(ਪੰਨਾ—1429)

ਪਰ ਇਹ, **ਆਤਮਿਕ ਮੰਡਲ ਦੀ, ਨਿਰਾਲੀ, ਗੁਝੀ 'ਖੇਲ', ਕਿਸੇ ਵਿਰਲੇ, 'ਕੋਟਨ** ਮਹਿ **ਕੋਊ', ਭਾਗਾਂ ਵਾਲੇ ਗੁਰਮੁਖ ਪਿਆਰਿਆਂ ਤੇ ਵਰਤਦੀ ਹੈ।** ਇਨ੍ਹਾਂ ਦੇ ਜੀਵਨ ਦੀਆਂ **ਆਤਮਿਕ ਕਿਰਨਾਂ** (Divine Vibrations) **ਦੁਆਰਾ, ਕਲਜੁਗ ਵਿਚ, ਗੈਬੀ ਅਤੇ ਅੰਤਰਮੁਖੀ 'ਆਤਮਿਕ ਧਰਮੁ' ਦਾ ਇਲਾਹੀ ਪ੍ਰਕਾਸ਼ ਕਿਤੇ ਕਿਤੇ ਟਹਿਕਦਾ, ਮਹਿਕਦਾ, ਪ੍ਰਕਾਸ਼ਦਾ ਦਿਖਾਈ ਦਿੰਦਾ ਹੈ।**

"ਐਸੇ ਜਨ ਵਿਰਲੇ ਸੰਸਾਰੇ, ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥"
(ਪੰਨਾ—1039)

ਅਜਿਹੇ ਕਿਸੇ ਵਿਰਲੇ ਬਖਸ਼ੇ ਹੋਏ ਗੁਰਮੁਖ ਜਨਾਂ ਨਾਲ ਮੇਲ ਹੋ ਜਾਵੇ ਤਾਂ ਮਨੁਖ ਭਵਜਲ ਤਰ ਜਾਂਦਾ ਹੈ :—

"ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ।" (ਪੰਨਾ—320)

"ਅੰਚਲੁ ਗਹਿ ਕੈ ਸਾਧ ਕਾ, ਤਰਣਾ ਇਹੁ ਸੰਸਾਰੁ ॥" (ਪੰਨਾ—218)

"ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ ॥"
(ਪੰਨਾ—431)

"ਅੰਚਲਿ ਲਾਇ ਤਰਾਇਆ ਭਾਈ,
ਭਉਜਲੁ ਦੁਖੁ ਸੰਸਾਰੁ ॥" (ਪੰਨਾ—640)

"ਸਾਧ ਸੰਗਤਿ ਕੈ ਅੰਚਲਿ ਲਾਵਹੁ,
ਬਿਖਮ ਨਦੀ ਜਾਇ ਤਰਣੀ ॥" (ਪੰਨਾ—702)

ਸਾਡੇ ਸਰੀਰਕ, ਮਾਨਸਿਕ ਅਤੇ ਆਰਥਕ ਜੀਵਨ, **ਉਚਾ ਉਠਨ ਦੀ ਬਜਾਇ-ਮਾਇਕੀ ਭਰਮ-ਭੁਲੇਖਿਆਂ ਵਿਚ ਅਜਾਂਈਂ ਜਾ ਰਿਹਾ ਹੈ** ਅਤੇ ਅਸੀ :—

ਈਰਖਾ
ਦਵੈਤ
ਘਿਰਨਾ
ਹੰਕਾਰ
ਝਗੜਿਆਂ

**ਮਜ਼ਹਬੀ-ਤਅੱਸੁਬ**

**ਵਿਚ ਹੋਰ ਭੀ ਗਲਤਾਨ ਹੋ ਕੇ ਦੁਖੀ ਹੁੰਦੇ ਜਾ ਰਹੇ ਹਾਂ ।**

**'ਧਰਮ' ਦੇ** ਇਹਨਾਂ **ਭੁਲੇਖਿਆਂ ਨੂੰ ਸਮਝਣ, ਬੁੱਝਣ, ਸਪਸ਼ਟ ਅਤੇ ਨਿਰਨਾ ਕਰਨ ਲਈ**, ਹੇਠਲਾ ਬਿਓਰਾ ਸਹਾਇਕ ਹੋ ਸਕਦਾ ਹੈ ।

| **ਅੰਤ੍ਰ-ਮੁਖੀ ਆਤਮਿਕ 'ਧਰਮੁ'** | **ਬਾਹਰਮੁਖੀ ਧਰਮ** |
|---|---|
| ਅਨੁਭਵ ਦੀ ਖੇਲ ਹੈ । | ਦਿਮਾਗੀ ਵਿਦ਼ਆ ਹੈ । |
| ਬੋਲੀ ਹੀਨ ਹੈ । | ਬੋਲੀ ਵਾਲਾ ਹੈ । |
| ਅੱਖਰ ਹੀਨ ਹੈ । | ਅੱਖਰਾਂ ਵਾਲਾ ਹੈ । |
| ਅੰਤਰ ਆਤਮਿਕ 'ਛੋਹ' ਹੈ । | ਬਾਹਰੋਂ ਪ੍ਰਾਪਤ ਕੀਤਾ ਜਾਂਦਾ ਹੈ । |
| ਅਨੁਭਵੀ ਸੋਝੀ ਹੈ । | ਸਿਖਿਆ-ਸਿਖਾਇਆ ਜਾਂਦਾ ਹੈ । |
| ਆਤਮ ਪ੍ਰਕਾਸ਼ ਹੈ । | ਦਿਮਾਗੀ ਗਿਆਨ ਹੈ । |

| | |
|---|---|
| ਜ਼ਾਹਰਾ-ਜ਼ਹੂਰ ਹੈ । | ਭਰਮ-ਭੁਲਾਵਾ । |
| ਇਕੋ-ਇਕ 'ਨਾਮੁ' ਹੈ । | ਅਨੇਕ ਨਾਮ ਹਨ । |
| ਇਕੋ ਰੰਗ ਹੈ । | ਅਨੇਕ ਰੰਗ ਹਨ । |
| ਬਿਸਮਾਦੀ ਖੇਲ ਹੈ | ਦਿਮਾਗੀ ਖੇਲ ਹੈ । |
| ਏਕਤਾ ਹੈ । | ਦਵੈਤ ਹੈ । |
| ਨਿਮਰਤਾ ਹੈ । | ਹਉਮੈ ਦਾ ਬੋਲ-ਬਾਲਾ ਹੈ । |
| ਪਿਆਰ ਹੈ । | ਘਿਰਨਾ ਹੈ । |
| 'ਏਕ ਚਿੰਤਨ' ਹੈ । | ਅਨੇਕ ਚਿੰਤਨ ਹੈ । |
| ਘਰ ਮਹਿ ਸਭ ਕਿਛੁ ਹੈ । | ਬਾਹਰ ਢੂੰਡਣਾ ਹੈ । |
| ਪ੍ਰਿਮ-ਖੇਲ' ਹੈ । | ਫੋਕੇ ਸਾਧਨ ਹਨ । |
| ਅੰਤਰ ਵਿਰੋਲਣਾ ਹੈ । | ਸਰੀਰਕ ਕਰਮ ਕਿਰਿਆ ਹੈ । |

'ਬਾਹਰਮੁਖੀ ਧਰਮਾਂ' ਦੇ **ਪ੍ਰਗਟਾਵੇ ਵੀ ਭਿੰਨ ਭਿੰਨ ਹਨ**, ਜਿਨਾਂ ਵਿਚੋਂ ਟੂਕ ਮਾਤਰ ਕੁਝ ਮਿਸਾਲਾਂ ਦਿਤੀਆਂ ਜਾਦੀਆਂ ਹਨ :—

ਕੋਈ ਬੁਤਾਂ ਨੂੰ ਪੂਜਦਾ ਹੈ, ਕੋਈ ਇਸ ਦੀ ਨਿਖੇਧੀ ਕਰਦਾ ਹੈ ।

ਕਿਸੇ 'ਧਰਮ' ਵਿਚ 'ਜੀਵ ਹਤਿਆ' ਨੂੰ 'ਦੀਰਘ-ਪਾਪ ਸਮਝਿਆ ਜਾਂਦਾ ਹੈ, ਅਤੇ ਕਿਸੇ ਵਿਚ ਜੀਵਾਂ ਦੀ ਕੁਰਬਾਨੀ ਦੇਣੀ ਪੁੰਨ ਹੀ ਨਹੀਂ ਬਲਕਿ ਪਰਮਾਰਥ ਦਾ ਵਿਸ਼ੇਸ਼ ਅੰਗ ਮੰਨਿਆ ਜਾਂਦਾ ਹੈ ।

ਮਾਸ ਖਾਣ ਜਾਂ ਨਾ ਖਾਣ ਬਾਰੇ ਵੀ ਵੱਖ-ਵੱਖ ਧਰਮਾਂ ਦੀ ਅੱਡ-ਅੱਡ ਰਾਏ ਹੈ, ਅਤੇ ਕਈਆਂ ਧਰਮਾਂ ਵਿਚ, ਕੇਵਲ ਕਿਸੇ ਖਾਸ ਕਿਸਮ ਦੇ ਮਾਸ ਖਾਣ ਦੀ ਮਨਾਹੀ ਹੈ ।

ਕਿਸੇ ਧਰਮ ਵਿਚ ਧਾਰਮਿਕ ਮੰਦਰ ਅੰਦਰ ਨੰਗੇ ਸਿਰ, ਜੋੜੇ ਆਦਿ ਲਿਜਾਣ ਦੀ ਬਿਲਕੁਲ ਮਨਾਹੀ ਹੈ ਅਤੇ ਸਾਰੀ ਸੰਗਤ ਹੇਠਾਂ ਚੌਂਕੜਾ ਮਾਰ ਕੇ ਬੈਠਦੀ ਹੈ, ਪਰ ਕਈ ਐਸੇ ਵੀ ਮਜ਼ਹਬ ਹਨ, ਜੋ ਧਾਰਮਿਕ ਮੰਦਰ ਵਿਚ, ਨੰਗੇ ਸਿਰ ਅਤੇ ਸਣੇ ਜੋੜੇ ਕੁਰਸੀ ਤੇ ਬੈਠਣ ਦੀ ਇਜਾਜ਼ਤ ਦਿੰਦੇ ਹਨ ।

ਇਕੋ ਹੀ ਧਰਮ ਦੇ ਅਨੇਕਾਂ ਫ਼ਿਰਕਿਆਂ ਵਿਚਕਾਰ, ਧਰਮ ਅਪਨਾਉਣ ਦੀ ਰਸਮ ਯਾ ਮਰਿਆਦਾ (Ceremony of Baptism) ਵਿਚ ਵੀ ਲਿਬਾਸ, ਰਹਿਤ, ਖਾਣ, ਪੀਣ ਆਦਿ ਬਾਰੇ ਅਲਗ-ਅਲਗ ਹਦਾਇਤਾਂ ਪ੍ਰਚਲਤ ਹਨ ।

ਕਿਸੇ ਧਰਮ ਵਿਚ ਜਪ, ਤਪ, ਹਠ, ਯੋਗ, ਵਰਤ, ਤੀਰਥ-ਇਸ਼ਨਾਨ, ਸੁਚਮ, ਮੋਨ ਰਖਣ ਆਦਿ ਸਾਧਨਾਵਾਂ ਨੂੰ **ਬਹੁਤ ਵਿਸ਼ੇਸ਼ਤਾ ਦਿਤੀ ਜਾਂਦੀ ਹੈ,** ਪਰ ਕਿਸੇ ਮਜ਼ਹਬ ਵਿਚ ਇਨਾਂ ਨੂੰ ਕੁਝ ਵੀ ਵਿਸ਼ੇਸਤਾ ਨਹੀਂ ਦਿਤੀ ਜਾਂਦੀ ।

ਕੋਈ ਧਰਮ, ਰੱਬ ਨੂੰ ਦੱਖਣ ਦੇ ਪਾਸੇ ਹੀ ਵਸਦਾ ਸਮਝਦਾ ਹੈ ਅਤੇ ਕੋਈ ਰਬ ਨੂੰ ਕੇਵਲ ਪੱਛਮ ਵਾਲੇ ਪਾਸੇ ਹੀ ਵਸਦਾ ਸਮਝਦਾ ਹੈ।

ਕਿਸੇ ਮਜ਼ਹਬ ਵਿਚ ਕੇਵਲ ਸਰਗੁਣ ਦੀ ਪੂਜਾ ਹੈ, ਅਤੇ ਕਿਸੇ ਮਜ਼ਹਬ ਵਿਚ ਨਿਰਗੁਣ ਦੀ ਉਪਾਸ਼ਨਾ ਹੈ। ਕਈ ਐਸੇ ਵੀ ਹਨ, ਜੋ ਨਿਰਗੁਣ ਅਤੇ ਸਰਗੁਣ ਦੋਨਾਂ ਸਰੂਪਾਂ ਵਿਚ ਪ੍ਰਭੂ ਨੂੰ ਵਸਦਾ ਸਮਝਦੇ ਹਨ।

ਕਈ ਇਸਤ੍ਰੀ ਨੂੰ ਨੀਂਵਾਂ ਸਮਝਦੇ ਹਨ, ਅਤੇ ਕਈ ਧਰਮ ਇਸਤ੍ਰੀ ਨੂੰ ਬਰਾਬਰ ਦਾ ਦਰਜ਼ਾ ਦਿੰਦੇ ਹਨ।

ਕਿਸੇ ਧਰਮ ਵਿਚ ਬੱਚੇ ਦਾ ਮੁੰਡਨ ਕਰਨਾ ਇਕ ਜ਼ਰੂਰੀ ਰਸਮ ਸਮਝੀ ਜਾਂਦੀ ਹੈ, ਅਤੇ ਕਿਸੇ ਵਿਚ ਇਕ ਰੋਮ ਨੂੰ ਕੱਟਣਾ, ਪੁਟਣਾ ਜਾ ਰੰਗਣਾ ਧਾਰਮਿਕ ਰਹਿਤ ਦੇ ਵਿਰੁਧ ਸਮਝਿਆ ਜਾਂਦਾ ਹੈ।

ਕੋਈ ਧਰਮ ਰੱਬ ਦੀ ਹੋਂਦ ਪ੍ਰਤੀ ਚੁਪ ਹੈ, ਕੋਈ ਮਜ਼ਹਬ ਅਨੇਕਾਂ ਅਵਤਾਰਾਂ ਦੀ ਪੂਜਾ ਵਿਚ ਵਿਸ਼ਵਾਸ ਰਖਦਾ ਹੈ, ਅਤੇ ਕੋਈ ਕੇਵਲ ਇਕ ਰੱਬ ਤੇ ਹੀ ਸ਼ਰਧਾ ਰਖਦਾ ਹੈ।

ਕੋਈ ਮਜ਼ਹਬ ਰੱਬ, ਕੁਦਰਤ, ਤੇ ਜੀਵ ਆਤਮਾ ਤਿੰਨਾਂ ਨੂੰ ਅਨਾਦੀ ਮੰਨਦਾ ਹੈ, ਅਤੇ ਕੋਈ ਧਰਮ, ਕੇਵਲ ਰੱਬ ਨੂੰ ਹੀ ਅਨਾਦੀ ਮੰਨਦਾ ਹੈ।

ਕਿਸੇ ਧਰਮ ਵਿਚ ਜਾਤ ਪਾਤ ਦਾ ਖੁਲੇਆਮ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਕੋਈ ਧਰਮ ਜ਼ਾਤ-ਪਾਤ ਦਾ ਭਰਵਾਂ ਖੰਡਨ ਕਰਦਾ ਹੈ।

ਇਕੋ ਹੀ ਧਰਮ ਵਿਚ, ਇਕੋ ਹੀ ਨਾਮ ਹੇਠ, ਵੱਖ-ਵੱਖ ਭਗਤਾਂ ਦੇ ਧਾਰਮਿਕ ਗ੍ਰੰਥ ਪ੍ਰਚਲਤ ਹਨ। ਕਈ ਐਸੇ ਵੀ ਮਜ਼ਹਬ ਹਨ, ਜਿਨਾਂ ਵਿਚ ਇਕੋ ਹੀ ਧਾਰਮਿਕ ਗ੍ਰੰਥ ਵਿਚ, ਕਿਸੇ ਖਾਸ ਰਚਨਾ ਪ੍ਰਤੀ, ਵੱਖ-ਵੱਖ ਫਿਰਕਿਆਂ ਦੀ ਅਲਗ-ਅਲਗ ਸ਼ਰਧਾ ਤੇ ਕਿੰਤੂ ਜਾਂ ਸ਼ੰਕੇ ਹਨ।

ਉਪਰਲੀਆਂ ਉਦਾਹਰਣਾਂ ਤੋਂ ਸੁਤੇ ਸਿਧ ਸਪਸ਼ਟ ਹੋ ਜਾਂਦਾ ਹੈ, ਕਿ **ਵੱਖ-ਵੱਖ ਧਰਮਾਂ ਤੇ ਫ਼ਿਰਕਿਆਂ ਵਿਚ :—**

ਰੱਬ

ਕੁਦਰਤ

ਜੀਵ-ਆਤਮਾ

ਮਾਇਆ

ਸਬਦੁ

ਨਾਮੁ

ਬਾਣੀ

ਦੇਵੀ ਦੇਵਤੇ

ਅਵਤਾਰ

ਸਾਧ

ਸਵਰਗ

ਨਰਕ

ਪਾਪ

ਪੁੰਨ

ਧਾਰਮਿਕ ਸਾਧਨਾ

ਜਪ

ਤਪ

ਹਠ

ਯੋਗ

ਕਰਮ-ਕਿਰਿਆ

ਲਿਬਾਸ

ਰਹਿਤ ਮਰਿਆਦਾ

ਪੂਜਾ,

ਆਦਿ, **ਪ੍ਰਤੀ**, **ਆਪਸ ਵਿਚ**, **ਵਿਰੋਧੀ** (Contradictory) **ਵਿਚਾਰ** ਹਨ ।

ਐਸੇ ਧਾਰਮਿਕ **ਵਿਰੋਧੀ ਵਿਚਾਰ**, ਨਵੇਂ ਜਗਿਆਸੂਆਂ ਦੇ ਮਨਾਂ ਵਿਚ **ਰੱਬ**, **ਧਰਮ ਤੇ ਧਾਰਮਿਕ ਸਾਧਨਾ ਪ੍ਰਥਾਇ, ਅਨੇਕ ਸ਼ੰਕੇ ਪੈਦਾ ਕਰਕੇ, ਉਹਨਾਂ ਦੀ ਆਤਮਿਕ ਤਰੱਕੀ ਵਿਚ ਰੋੜੇ ਅਟਕਾਉਂਦੇ ਹਨ ।** ਇਸ **'ਦੁਬਿਧਾ'** ਦਾ ਨਤੀਜਾ ਇਹ ਨਿਕਲਦਾ ਹੈ, ਕਿ ਕਈ ਸ਼ਰਧਾਲੂ ਇਕੋ-ਇਕ ਸਾਂਝੇ **'ਆਤਮਿਕ ਧਰਮੁ' ਤੋਂ ਹੋਰ ਵੀ ਦੁਰੇਡੇ ਚਲੇ ਜਾਂਦੇ ਹਨ ।**

(ਚਲਦਾ...)

ਕਾਪੀਆਂ, 5000, ਮਈ 1986

ਏਸੇ ਕਲਮ ਦੇ ਲਿਖੇ ਹੋਏ 'ਗੁਰਬਾਣੀ ਵਿਚਾਰੁ' ਦੀ ਲੜੀ ਵਿਚ ਪਹਿਲਾਂ ਹੀ 51 ਲੇਖ ਛੱਪ ਚੁਕੇ ਹਨ, ਅਤੇ ਹੋਰ ਲੇਖ ਛਪਦੇ ਰਹਿਣਗੇ। ਚਾਹਵਾਨ ਸਜਣ ਇਹ ਸਾਰੇ ਲੇਖ, ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ।

1. ਸੈਕ੍ਰੇਟਰੀ, ਬ੍ਰਹਮ ਬੁੰਗਾ ਟ੍ਰਸਟ ਦੋਦੜ੍ਹਾ, ਪਿੰਡ ਦੋਦੜ੍ਹਾ, ਡਾਕਖਾਨਾ ਬਛੋਆਣਾ, (ਬਰਾਸਤਾ ਬੁਢਲਾਡਾ), ਜ਼ਿਲ੍ਹਾ ਬਠਿੰਡਾ (ਪੰਜਾਬ)।

2. ਡਾ. ਇੰਦਰਜੀਤ ਸਿੰਘ, ਗੁਰੂ ਨਿਵਾਸ, 2/211, ਸੁਭਾਸ਼ ਨਗਰ, ਨਵੀਂ ਦਿਲੀ, 110027, ਫ਼ੋਨ—591661

3. Surjeet Singh Badesha
   3016, 48 Street Calgary N.E.
   Canada—TIY—143
   Phone 280--1529

4. S. Bhupinder Singh Sidhu
   490/Phase—IV
   Mohali, Distt. Ropar

ਛਾਪਕ : ਫ਼ੋਰ ਸਟਾਰ ਪ੍ਰਿੰਟਰਜ਼, ਸਰਹੰਦੀ ਗੇਟ, ਪਟਿਆਲਾ।